## ਕਿਉਂ ਐਸਬੀਆਈ ਲਾਈਫ਼ – ਸ਼ੁਭ ਨਿਵੇਸ਼?

ਆਪਣੇ ਪਰਿਵਾਰ ਦੇ ਟੀਚੇ ਹਾਸਲ ਕਰਨ, ਆਪਣੀ ਵਧ ਰਹੀ ਜੀਵਨਸ਼ੈਲੀ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਆਪਣੇ ਆਪਣਿਆਂ ਨੂੰ ਸੁਰੱਖਿਅਤ ਕਰਨ ਨੂੰ ਤੁਸੀਂ ਹਮੇਸ਼ਾ ਪਹਿਲ ਦਿੱਤੀ ਹੈ। ਹੁਣ ਖੁਸ਼ਹਾਲ ਭਵਿੱਖ ਦਾ ਆਨੰਦ ਮਾਣੋ ਐਸਬੀਆਈ ਲਾਈਫ਼ – ਸ਼ੁਭ ਨਿਵੇਸ਼ ਦੇ ਨਾਲ, ਜਿਹੜੀ ਤੁਹਾਨੂੰ ਸੁਰੱਖਿਆ, ਬਚਤ ਅਤੇ ਨਿਯਮਿਤ ਆਮਦਨੀ ਦਿੰਦੀ ਹੈ, ਤਾਂ ਜੋ ਜੀਵਨ ਭਰ ਲਈ ਇਕ ਸੁਰੱਖਿਅਤ ਆਰਥਿਕ ਕਾਰਪਸ ਦਾ ਨਿਰਮਾਣ ਹੋ ਸਕੇ। **ਐਸਬੀਆਈ ਲਾਈਫ਼ – ਸ਼ੁਭ ਨਿਵੇਸ਼** ਇਕ ਵਿਅਕਤੀਗਤ, ਨੌਨ-ਲਿੰਕਡ, ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ, ਜੋ ਆਜੀਵਨ ਬੀਮੇ ਦਾ ਲਾਭ ਲੈਣ ਦੇ ਵਿਕਲਪ ਨਾਲ ਆਉਂਦੀ ਹੈ।

## ਮੁੱਖ ਖ਼ੂਬੀਆਂ

- ਤੁਹਾਡੇ ਪਰਿਵਾਰ ਲਈ **ਸੁਰੱਖਿਆ**, ਧਨ ਨਿਰਮਾਣ ਅਤੇ ਆਮਦਨੀ ਦਾ ਨਿਯਮਿਤ ਪ੍ਰਵਾਹ
- **ਆਜੀਵਨ ਬੀਮਾ ਪਾਉਣ** ਦਾ ਵਿਕਲਪ, ਜੋ ਮਿਆਦ ਪੂਰੀ ਹੋਣ ਤੋਂ ਬਾਅਦ ਬੀਮੇ ਵਾਲੇ ਵਿਅਕਤੀ ਦੀ ਮੌਤ ਹੋਣ ਤੇ ਮੂਲ ਬੀਮੇ ਦੀ ਵਾਧੂ ਰਕਮ ਦਿੰਦਾ ਹੈ
- **ਦੋ ਪਲਾਨ ਵਿਕਲਪ** : ਆਪਣੀਆਂ ਲੋੜਾਂ ਅਨੁਸਾਰ ਇਕ ਪਲਾਨ ਵਿਕਲਪ ਚੁਣੋ
  - ਐਂਡਾਉਮੈਂਟ ਵਿਕਲਪ : ਬੀਮਾ ਅਤੇ ਬਚਤ ਦਿੰਦਾ ਹੈ
  - ਐਂਡਾਉਮੈਂਟ ਆਜੀਵਨ ਵਿਕਲਪ ਦੇ ਨਾਲ : ਐਂਡਾਉਮੈਂਟ ਵਿਕਲਪ ਅਧੀਨ ਜ਼ਿਕਰ ਕੀਤੇ ਫ਼ਾਇਦਿਆਂ ਤੋਂ ਇਲਾਵਾ, ਆਪਣੀ ਜੀਵਨ ਬੀਮਾ ਸੁਰੱਖਿਆ 100 ਸਾਲਾਂ ਦੀ ਉਮਰ ਤਕ ਵਧਾਓ
- ਇਕੋ ਜਾਂ ਨਿਯਮਿਤ ਪ੍ਰੀਮੀਅਮ ਭਰਨ ਦਾ **ਵਿਕਲਪ**
- **ਨਿਯਮਿਤ ਆਮਦਨੀ** : ਮਿਆਦ ਪੂਰੀ ਹੋਣ ਤੋਂ ਬਾਅਦ, 5/10/15/20 ਸਾਲਾਂ ਦੇ ਸਮੇਂ ਦੌਰਾਨ ਨਿਯਮਿਤ ਵਕਫ਼ਿਆਂ ਤੇ ਮੂਲ ਬੀਮੇ ਦੀ ਰਕਮ ਪ੍ਰਾਪਤ ਕਰਨ ਦਾ ਵਿਕਲਪ
- ਵਾਜਬ ਲਾਗਤ ਤੇ **ਰਾਈਡਰਜ਼ ਰਾਹੀਂ ਵਾਧੂ ਸੁਰੱਖਿਆ**

## ਨਮੂਨੇ ਲਈ ਉਦਾਹਰਣ

| **ਐਸਬੀਆਈ ਲਾਈਫ਼ – ਸ਼ੁਭ ਨਿਵੇਸ਼** | | |
|---|---|---|
| ਬੀਮੇ ਵਾਲੇ ਵਿਅਕਤੀ ਦੀ ਉਮਰ : 35 ਸਾਲ | ਪ੍ਰੀਮੀਅਮ ਦਾ ਵਕਫ਼ਾ : ਸਾਲਾਨਾ | ਪਾਲਸੀ ਦੀ ਮਿਆਦ : 25 ਸਾਲ |
| ਮੂਲ ਬੀਮੇ ਦੀ ਰਕਮ : ₹20,00,000 | ਸਾਲਾਨਾ ਪ੍ਰੀਮੀਅਮ : ₹89,160 (ਲਾਗੂ ਟੈਕਸਾਂ ਨੂੰ ਛੱਡ ਕੇ) | ਪਲਾਨ ਵਿਕਲਪ : ਐਂਡਾਉਮੈਂਟ ਆਜੀਵਨ ਵਿਕਲਪ ਦੇ ਨਾਲ |

**ਪਰਿਪੱਕਤਾ ਲਾਭ** : ਜੇ ਰਾਮ 100 ਸਾਲਾਂ ਦੀ ਉਮਰ ਤਕ ਜਿਉਂਦਾ ਰਹਿੰਦਾ ਹੈ, ਤਾਂ ਇੰਡਾਉਮੈਂਟ ਦੀ ਮਿਆਦ ਮਤਲਬ 25 ਸਾਲਾਂ ਦੇ ਅੰਤ ਤੇ, ਉਸ ਨੂੰ ਉਦਾਹਰਣ ਵਿੱਚ ਦੱਸੇ ਅਨੁਸਾਰ ਪਰਿਪੱਕਤਾ ਲਾਭ ਦੇ ਰੂਪ ਵਿੱਚ ਲਾਭ 1 ਮਿਲਦਾ ਹੈ ਅਤੇ 100 ਸਾਲਾਂ ਦੀ ਉਮਰ ਹੋਣ ਤੇ, ਉਸ ਨੂੰ ਲਾਭ 2 ਦੇ ਅਨੁਸਾਰ ਵਿੱਚ ਮੂਲ ਬੀਮੇ ਦੀ ਇਕ ਵਾਧੂ ਰਕਮ ਮਿਲੇਗੀ।




### ਪਰਿਦ੍ਰਿਸ਼ 1

**ਮੌਤ ਤੋਂ ਬਾਅਦ ਲਾਭ** : ੳ) ਜੇ ਰਾਮ ਦੀ ਮੌਤ ਐਂਡਾਉਮੈਂਟ ਦੀ ਮਿਆਦ ਦੌਰਾਨ 55 ਸਾਲਾਂ ਦੀ ਉਮਰ ਵਿੱਚ ਹੋ ਜਾਂਦੀ ਹੈ ਤਾਂ ਉਦਾਹਰਣ ਵਿੱਚ ਦੱਸੇ ਅਨੁਸਾਰ ਨਾਮਜ਼ਦ ਵਿਅਕਤੀ/ਲਾਭ-ਪਾਤਰ ਨੂੰ ਮੌਤ ਤੋਂ ਬਾਅਦ ਦੇ ਲਾਭ ਪਰਿਦ੍ਰਿਸ਼ 2 ਦੇ ਅਨੁਸਾਰ ਮਿਲਣਗੇ।




### ਪਰਿਦ੍ਰਿਸ਼ 2


**ਮੌਤ ਤੋਂ ਬਾਅਦ ਲਾਭ** ਇਹਨਾਂ ਵਿੱਚੋਂ ਵੱਡੀ ਰਕਮ ਹੋਵੇਗੀ :

ੳ) ਮੌਤ ਵੇਲੇ ਬੀਮੇ ਦੀ ਰਕਮ + ਪੱਕੇ ਸਰਲ ਪਰਤਵੇਂ ਬੋਨਸ + ਅੰਤਿਮ ਬੋਨਸ, ਜੇ ਹੋਵੇ
ਜਿੱਥੇ ਮੌਤ ਵੇਲੇ ਬੀਮੇ ਦੀ ਰਕਮ ਮੂਲ ਬੀਮੇ ਦੀ ਰਕਮ ਜਾਂ ਸਾਲ ਦੇ ਪ੍ਰੀਮੀਅਮ$ ਦੇ 10 ਗੁਣਾ ਵਿੱਚੋਂ ਵੱਡੀ ਰਕਮ ਹੈ ।

ਅ) ਮੌਤ ਦੀ ਮਿਤੀ ਤਕ ਪ੍ਰਾਪਤ ਕੀਤੇ@ ਕੁੱਲ ਪ੍ਰੀਮੀਅਮਾਂ ਦਾ 105% ।

*ਜਿੱਥੇ $ਸਾਲ ਦਾ ਪ੍ਰੀਮੀਅਮ ਪਾਲਸੀ ਧਾਰਕ ਦੁਆਰਾ ਚੁਣੀ ਗਈ ਇਕ ਸਾਲ ਵਿੱਚ ਅਦਾਯੋਗ ਪ੍ਰੀਮੀਅਮ ਦੀ ਰਕਮ ਹੋਵੇਗੀ, ਜਿਸ ਵਿੱਚ ਲਾਗੂ ਕਰ, ਰਾਈਡਰ ਪ੍ਰੀਮੀਅਮ, ਅੰਡਰਰਾਈਟਿੰਗ ਵਾਧੂ ਪ੍ਰੀਮੀਅਮ ਅਤੇ ਮੌਡਲ ਪ੍ਰੀਮੀਅਮਾਂ ਲਈ ਲੋਡਿੰਗ, ਜੇ ਕੋਈ ਹੋਵੇ, ਸ਼ਾਮਲ ਨਹੀਂ ਹੋਣਗੇ।*
*@ਪ੍ਰਾਪਤ ਹੋਏ ਕੁੱਲ ਪ੍ਰੀਮੀਅਮ ਮਤਲਬ ਪ੍ਰਾਪਤ ਹੋਏ ਸਾਰੇ ਪ੍ਰੀਮੀਅਮਾਂ ਦਾ ਕੁੱਲ ਜੋੜ, ਜਿਸ ਵਿੱਚ ਕੋਈ ਵੀ ਵਾਧੂ ਪ੍ਰੀਮੀਅਮ, ਕੋਈ ਵੀ ਰਾਈਡਰ ਪ੍ਰੀਮੀਅਮ ਅਤੇ ਕਰ ਸ਼ਾਮਲ ਨਹੀਂ ਹਨ।*

ਅ) ਜੇ ਰਾਮ ਦੀ ਮੌਤ 80 ਸਾਲਾਂ ਦੀ ਉਮਰ ਵਿੱਚ ਹੋ ਜਾਂਦੀ ਹੈ, ਜੋ ਕਿ ਐਂਡਾਉਮੈਂਟ ਦੀ ਮਿਆਦ ਤੋਂ ਬਾਅਦ ਹੈ, ਤਾਂ ਰਾਮ ਨੂੰ ਲਾਭ 1 ਦੇ ਅਨੁਸਾਰ ਮਿਲ ਚੁੱਕੇ ਪਰਿਪੱਕਤਾ ਲਾਭ ਤੋਂ ਇਲਾਵਾ, ਉਸ ਦੇ ਨਾਮਜ਼ਦ ਵਿਅਕਤੀ/ਲਾਭ-ਪਾਤਰ ਨੂੰ ਪਰਿਦ੍ਰਿਸ਼ 3 ਦੇ ਅਨੁਸਾਰ ਹੇਠਾਂ ਦਿੱਤੀ ਗਈ ਉਦਾਹਰਣ ਵਿੱਚ ਮੌਤ ਦਾ ਲਾਭ ਵੀ ਮਿਲੇਗਾ।




^^ਮਿਆਦ ਪੂਰੀ ਹੋਣ ਤੇ ਲਾਭ ਦੇ ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਬੋਨਸ ਜਮ੍ਹਾ ਹੋਣ ਦੇ ਸਮੇਂ ਦੌਰਾਨ ਬੋਨਸ ਦੀਆਂ ਦਰਾਂ ਸਥਿਰ ਮੰਨੀਆਂ ਗਈਆਂ ਹਨ, ਜਦੋਂ ਕਿ ਅਸਲੀ ਬੋਨਸ ਵੱਖਰਾ ਹੋ ਸਕਦਾ ਹੈ, ਜੋ ਕੰਪਨੀ ਦੇ ਨਿਵੇਸ਼ ਦੇ ਤਜਰਬੇ ਉੱਤੇ ਨਿਰਭਰ ਕਰਦਾ ਹੈ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉੱਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਮੁਨਾਫ਼ੇ, ਭਵਿੱਖ ਵਿੱਚ ਨਿਵੇਸ਼ ਦੀ ਕਾਰਗੁਜ਼ਾਰੀ ਸਮੇਤ, ਕਈ ਕਾਰਨਾਂ ਉੱਤੇ ਨਿਰਭਰ ਕਰਦੇ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।

## ਐਸਬੀਆਈ ਲਾਈਫ਼ – ਸ਼ੁਭ ਨਿਵੇਸ਼ ਉੱਤੇ ਇੱਕ ਨਜ਼ਰ

| | | |
|---|---|---|
| **ਦਾਖ਼ਲੇ ਵੇਲੇ ਉਮਰ**** | **ਘੱਟੋ-ਘੱਟ :** 18 ਸਾਲ | **ਵੱਧ ਤੋਂ ਵੱਧ : ਐਂਡਾਉਮੈਂਟ ਵਿਕਲਪ :**<br>ਨਿਯਮਿਤ ਪ੍ਰੀਮੀਅਮ (ਆਰਪੀ) : 55 ਸਾਲ<br>ਇਕੋ ਪ੍ਰੀਮੀਅਮ (ਐਸਪੀ) : 60 ਸਾਲ<br>**ਐਂਡਾਉਮੈਂਟ ਜੀਵਨ-ਭਰ ਦੇ ਵਿਕਲਪ ਨਾਲ** : 50 ਸਾਲ<br>(ਇਕੋ/ਨਿਯਮਿਤ ਪ੍ਰੀਮੀਅਮ ਦੋਹਾਂ ਲਈ) |
| **ਮਿਆਦ ਪੂਰੀ ਹੋਣ ਵੇਲੇ ਵੱਧ ਤੋਂ ਵੱਧ ਉਮਰ**** | 65 ਸਾਲ | |
| **ਮੂਲ ਬੀਮੇ ਦੀ ਰਕਮ (₹1,000 ਦੇ ਗੁਣਜਾਂ ਵਿੱਚ)** | **ਘੱਟੋ-ਘੱਟ :** ₹75,000 | **ਵੱਧ ਤੋਂ ਵੱਧ :** ਕੋਈ ਸੀਮਾ ਨਹੀਂ, ਬੋਰਡ ਦੁਆਰਾ ਮਨਜ਼ੂਰ ਕੀਤੀ ਅੰਡਰਰਾਈਟਿੰਗ ਪਾਲਸੀ ਦੇ ਅਨੁਸਾਰ |
| **ਪਾਲਸੀ ਦੀ ਮਿਆਦ** | **ਘੱਟੋ-ਘੱਟ : ਐਂਡਾਉਮੈਂਟ ਵਿਕਲਪ**<br>10 (ਆਰਪੀ)/5 (ਐਸਪੀ) ਸਾਲ<br>**ਐਂਡਾਉਮੈਂਟ ਜੀਵਨ-ਭਰ ਦੇ ਵਿਕਲਪ ਨਾਲ**<br>15 ਸਾਲ (ਐਸਪੀ/ਆਰਪੀ ਦੋਹਾਂ ਲਈ) | **ਵੱਧ ਤੋਂ ਵੱਧ :** 30 ਸਾਲ<br>(ਐਂਡਾਉਮੈਂਟ ਅਰਸਾ) |
| **ਪ੍ਰੀਮੀਅਮ ਭਰਨ ਦਾ ਵਕਫ਼ਾ** | ਇਕੋ ਪ੍ਰੀਮੀਅਮ/ਸਾਲਾਨਾ/ਛਿਮਾਹੀ/ਤਿਮਾਹੀ/ਮਾਸਿਕ# | |
| **ਪ੍ਰੀਮੀਅਮ ਭਰਨ ਦੀ ਮਿਆਦ** | ਇਕੋ ਪ੍ਰੀਮੀਅਮ/ਨਿਯਮਿਤ ਪ੍ਰੀਮੀਅਮ (ਪਾਲਸੀ ਦੀ ਮਿਆਦ ਦੇ ਬਰਾਬਰ) | |
| **ਪ੍ਰੀਮੀਅਮ ਭਰਨ ਦਾ ਵਕਫ਼ਾ ਲੋਡਿੰਗ** | ਛਿਮਾਹੀ : ਸਾਲਾਨਾ ਪ੍ਰੀਮੀਅਮ ਦਾ 51.00%<br>ਤਿਮਾਹੀ : ਸਾਲਾਨਾ ਪ੍ਰੀਮੀਅਮ ਦਾ 26.00%<br>ਮਾਸਿਕ : ਸਾਲਾਨਾ ਪ੍ਰੀਮੀਅਮ ਦਾ 8.50% | |
| **ਪ੍ਰੀਮੀਅਮ** | **ਘੱਟੋ-ਘੱਟ** | **ਵੱਧ ਤੋਂ ਵੱਧ** |
| | ਇਕੋ ਪ੍ਰੀਮੀਅਮ : ₹43,000 | ਕੋਈ ਸੀਮਾ ਨਹੀਂ, ਬੋਰਡ ਦੁਆਰਾ ਮਨਜ਼ੂਰ ਕੀਤੀ ਅੰਡਰਰਾਈਟਿੰਗ ਪਾਲਸੀ ਦੇ ਅਨੁਸਾਰ |
| | ਸਾਲਾਨਾ : ₹6,000 | |
| | ਛਿਮਾਹੀ : ₹3,000 | |
| | ਤਿਮਾਹੀ : ₹1,500 | |
| | ਮਾਸਿਕ : ₹500 | |

*ਉਮਰ ਸਬੰਧੀ ਸਾਰੇ ਹਵਾਲੇ ਪਿਛਲੇ ਜਨਮ ਦਿਨ ਅਨੁਸਾਰ ਹਨ।

#ਮਾਸਿਕ ਵਕਫ਼ੇ ਲਈ, 3 ਮਹੀਨਿਆਂ ਤਕ ਦਾ ਪ੍ਰੀਮੀਅਮ ਅਗਾਊਂ ਦੇਣਾ ਹੋਵੇਗਾ। ਅਗਲੇ ਪ੍ਰੀਮੀਅਮ ਦੀ ਅਦਾਇਗੀ ਕੇਵਲ ਇਲੈਕਟ੍ਰੌਨਿਕ ਕਲੀਅਰਿੰਗ ਸਿਸਟਮ (ECS) ਜਾਂ ਪੱਕੀਆਂ ਹਦਾਇਤਾਂ (ਜਿੱਥੇ ਅਦਾਇਗੀ ਬੈਂਕ ਖਾਤੇ ਦੇ ਡਾਇਰੈਕਟ ਡੈਬਿਟ ਜਾਂ ਕ੍ਰੈਡਿਟ ਕਾਰਡ ਦੁਆਰਾ ਕੀਤੀ ਜਾਂਦੀ ਹੈ) ਰਾਹੀਂ।

ਮਾਸਿਕ ਸੈਲਰੀ ਸੇਵਿੰਗ ਸਕੀਮ (SSS) ਲਈ 2 ਮਹੀਨੇ ਤਕ ਦਾ ਪ੍ਰੀਮੀਅਮ ਪੇਸ਼ਗੀ ਭਰਨਾ ਚਾਹੀਦਾ ਹੈ ਅਤੇ ਨਵੀਨੀਕਰਣ ਪ੍ਰੀਮੀਅਮ ਭਰਣ ਦੀ ਇਜਾਜ਼ਤ ਕੇਵਲ ਵੇਤਨ ਕਟੌਤੀ ਰਾਹੀਂ ਹੈ।

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

ੳ) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।

ਅ) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।

**Toll-free No.:** 1800 267 9090 | SMS '**LIBERATE**' to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)

ਐਸਬੀਆਈ ਲਾਈਫ਼ – ਸ਼ੁਭ ਨਿਵੇਸ਼ ਇਕ ਵਿਅਕਤੀਗਤ, ਨੌਨ-ਲਿੰਕਡ, ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਰਾਈਡਰਸ, ਨਿਯਮਾਂ ਅਤੇ ਸ਼ਰਤਾਂ ਤੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਰਾਈਡਰਸ ਬ੍ਰੋਸ਼ਰ ਪੜ੍ਹ ਲਓ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ- 400069. **IRDAI ਰਜਿਸਟ੍ਰੇਸ਼ਨ ਨੰਬਰ 111** | CIN : L99999MH2000PLC129113. 35/ver2/07/22/SP/PUN